URGENT
COVID-19

ਦਫਤਰ ਜ਼ਿਲ੍ਹਾ ਮੈਜਿਸਟਰੇਟ, ਮੋਗਾ
(ਕੁੰਟਕਲ ਸ਼ਾਖਾ)

ਹੁਕਮ:

ਇਸ ਦਫਤਰ ਵੱਲੋਂ ਹੁਕਮ ਨੰਬਰ 2763/ਐਮ.ਏ/ਐਮ.ਸੀ-2 ਮਿਤੀ: 23/03/2020 ਰਾਹੀਂ ਜਿਲ੍ਹਾ ਮੋਗਾ ਦੀ ਹਦੂਦ ਅੰਦਰ ਅਗਲੇ ਹੁਕਮਾਂ ਤੱਕ ਕਰਫਿਊ ਲਗਾਇਆ ਗਿਆ ਸੀ।

ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਜਿਲ੍ਹਾ ਮੋਗਾ ਅੰਦਰ ਕਣੀ ਇੱਟਾਂ ਦੇ ਭੱਠਿਆਂ ਅਤੇ ਰਾਈਸ ਸ਼ੈਲਰਾਂ ਵਿੱਚ ਲੇਬਰ ਕੰਮ ਕਰਦੀ ਹੈ ਜੋ ਆਪਣੀ ਰੋਜ਼ਾਨਾ ਦੀਆਂ ਲੋੜਾਂ ਲਈ ਆਪਣੇ ਮਾਲਕਾਂ ਤੇ ਨਿਰਭਰ ਕਰਦੀ ਹੈ।ਕਰਫਿਊ ਹੋਣ ਕਾਰਨ ਮਾਲਕ ਆਪਣੇ ਭੱਠਿਆਂ ਅਤੇ ਸ਼ੈਲਰਾਂ ਤੇ ਨਹੀਂ ਜਾ ਸਕਦੇ ਜਿਸ ਕਰਕੇ ਲੇਬਰ ਨੂੰ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਲਈ ਮੈਂ, ਸੰਦੀਪ ਹੰਸ, ਆਈ.ਏ.ਐਸ, ਜਿਲ੍ਹਾ ਮੈਜਿਸਟਰੇਟ ਮੋਗਾ, ਲੋਕ ਹਿਤ ਨੂੰ ਧਿਆਨ ਵਿੱਚ ਰੱਖਦੇ ਹੋਏ ਜਿਲ੍ਹਾ ਮੋਗਾ ਦੀ ਹਦੂਦ ਅੰਦਰ ਪੈਂਦੇ ਭੱਠਿਆਂ ਅਤੇ ਸ਼ੈਲਰ ਮਾਲਕਾਂ ਨੂੰ ਸਵੇਰੇ 6.00 ਵਜੇ ਤੋ 8.00 ਵਜੇ ਤੱਕ ਆਪਣੇ ਭੱਠਿਆਂ ਅਤੇ ਸ਼ੈਲਰਾਂ ਤੇ ਆਪਣੇ ਵਹੀਕਲਾਂ ਸਮੇਤ ਜਾਣ ਲਈ ਕਰਫਿਊ ਦੌਰਾਨ ਛੋਟ ਦਿੰਦਾ ਹਾਂ।ਇਹ ਭੱਠਾਂ ਮਾਲਕ/ਸ਼ੈਲਰ ਮਾਲਕ ਆਪਣੇ ਭੱਠਿਆਂ ਅਤੇ ਸ਼ੈਲਰਾਂ ਦੀ ਲੇਬਰ ਦੀਆਂ ਰੋਜ਼ਾਨਾ ਦੀ ਲੋੜਾਂ ਪੂਰੀਆਂ ਕਰਨ ਲਈ ਲੋੜੀਂਦੇ ਪ੍ਰਬੰਧ ਕਰਨ ਉਪਰੰਤ ਸਵੇਰੇ 9.00 ਵਜੇ ਤੱਕ ਆਪਣੇ ਰਿਹਾਇਸ਼ੀ ਸਥਾਨਾਂ ਤੇ ਵਾਪਸ ਆਉਣ ਲਈ ਪਾਬੰਦ ਹੋਣਗੇ।

ਅਜਿਹਾ ਕਰਦੇ ਸਮੇਂ ਉਹ ਕੋਵਿਡ 19 ਸਬੰਧੀ ਭਾਰਤ ਸਰਕਾਰ/ਪੰਜਾਬ ਸਰਕਾਰ ਅਤੇ ਇਸ ਦਫਤਰ ਵੱਲੋਂ ਜਾਰੀ ਕੀਤੀਆ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਨਾਉਣਗੇ ਅਤੇ ਸਮਾਜਿਕ ਦੂਰੀ ਦੇ ਨਿਯਮ ਨੂੰ ਆਪਣੇ-ਆਪਣੇ ਸੰਸਥਾਨ ਵਿੱਚ ਲਾਗੂ ਕਰਾਉਣਗੇ।ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕੁਤਾਹੀਕਾਰ ਵਿਰੁੱਧ ਕਾਨੂੰਨ ਦੀਆਂ ਸਬੰਧਤ ਧਾਰਾਵਾਂ ਤਹਿਤ ਕਾਰਵਾਈ ਕੀਤੀ ਜਾਵੇਗੀ।

ਇਹ ਹੁਕਮ ਅੱਜ ਮਿਤੀ .....27...../03/2020 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ ।

ਜਿਲ੍ਹਾ ਮੈਜਿਸਟਰੇਟ,
ਮੋਗਾ।

ਪਿੱ:ਅ:ਨੰ: .....3067...../ਐਮ.ਏ/ਐਮ.ਸੀ-2 ਮਿਤੀ: .....27/03/2020.

ਇਸਦਾ ਇੱਕ ਉਤਾਰਾ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3. ਡੀ.ਜੀ.ਪੀ., ਪੰਜਾਬ, ਚੰਡੀਗੜ੍ਹ।
4. ਕਮਿਸ਼ਨਰ, ਫਿਰੋਜਪੁਰ ਮੰਡਲ ਫਿਰੋਜਪੁਰ।
5. ਜਿਲ੍ਹਾ ਅਤੇ ਸੈਸ਼ਨ ਜੱਜ, ਮੋਗਾ।
6. ਸੀਨੀਅਰ ਕਪਤਾਨ ਪੁਲਿਸ, ਮੋਗਾ।
7. ਵਧੀਕ ਡਿਪਟੀ ਕਮਿਸ਼ਨਰ (ਜਨਰਲ/ਵਿਕਾਸ), ਮੋਗਾ,
8. ਕਮਿਸ਼ਨਰ, ਨਗਰ ਨਿਗਮ, ਮੋਗਾ,
9. ਉਪ ਮੰਡਲ ਮੈਜਿਸਟਰੇਟ, ਮੋਗਾ/ਬਾਘਾਪੁਰਾਣਾ/ਨਿਹਾਲ ਸਿੰਘ ਵਾਲਾ/ਧਰਮਕੋਟ,
10. ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦਫਤਰ, ਮੋਗਾ,
11. ਜਿਲ੍ਹਾ ਕੰਟਰੋਲਰ, ਖੁਰਾਕ ਅਤੇ ਸਿਵਲ ਸਪਲਾਈ, ਮੋਗਾ,
12. ਮੁੱਖ ਖੇਤੀਬਾੜੀ ਅਫਸਰ, ਮੋਗਾ,
13. ਡਿਪਟੀ ਡਾਇਰੈਕਟਰ ਡੇਅਰੀ, ਮੋਗਾ,
14. ਸਮੂਹ ਤਹਿਸੀਲਦਾਰ/ਨਾਇਬ ਤਹਿਸੀਲਦਾਰ, ਜਿਲ੍ਹਾ ਮੋਗਾ,
15. ਜਿਲ੍ਹਾ ਲੋਕ ਸੰਪਰਕ ਅਫਸਰ, ਮੋਗਾ,

ਪਾਸ ਸੂਚਨਾ ਅਤੇ ਇੰਨ-ਬਿੰਨ ਪਾਲਣਾ ਹਿੱਤ।

ਜਿਲ੍ਹਾ ਮੈਜਿਸਟਰੇਟ ਮੋਗਾ

27/3/2020

ਵਾ: ਜਿਲ੍ਹਾ ਮੈਜਿਸਟਰੇਟ,
ਮੋਗਾ।